# 18+ ਵਾਲਿਆਂ ਲਈ ਬਾਇਵੇਲੰਟ (Bivalent) ਬੂਸਟਰ ਸ਼ੌਟ ਦੇਣਾ ਸ਼ੁਰੂ ਹੋਵੇਗਾ

14 ਸਤੰਬਰ, 2022ਮੀਡੀਆ ਪੁੱਛਗਿੱਛ

## ਬਾਇਵੇਲੰਟ ਕੋਵਿਡ-19 ਬੂਸਟਰ ਵੈਕਸੀਨ ਲਈ ਅਪਾਇੰਟਮੈਂਟਾਂ 21 ਸਤੰਬਰ ਤੋਂ ਬੁੱਕ ਕੀਤੀਆਂ ਜਾ ਸਕਦੀਆਂ ਹਨ ਅਤੇ 21 ਸਤੰਬਰ ਤੋਂ ਹੀ ਵੈਕਸੀਨ ਦਿੱਤੀ ਜਾਣੀ ਸ਼ੁਰੂ ਹੋ ਜਾਵੇਗੀ।

ਹੈਲਥ ਕੈਨੇਡਾ ਨੇ ਇਕ ਮੁਕੰਮਲ ਅਤੇ ਖੁਦਮੁਖਤਾਰ ਵਿਗਿਆਨਕ ਰਿਵਿਊ ਤੋਂ ਬਾਦ 18 ਸਾਲ ਜਾਂ ਵੱਧ ਉਮਰ ਵਾਲੇ ਅਲਬਰਟਾ ਵਾਸੀਆਂ ਲਈ ਬੂਸਟਰ ਡੋਜ਼ ਵਜੋਂ ਮੌਡਰਨਾ ਸਪਾਈਕਵੈਕਸ ਬਾਇਵੇਲੰਟ ਕੋਵਿਡ-19 ਵੈਕਸੀਨ ਨੂੰ

ਮਨਜ਼ੂਰੀ ਦਿੱਤੀ ਸੀ।

ਬਾਇਵੇਲੰਟ ਕੋਵਿਡ-19 ਵੈਕਸੀਨ ਇਮਯੂਨ ਸਿਸਟਮ ਨੂੰ ਵਧੇਰੇ ਗਤੀਸ਼ੀਲ ਕਰਦੀ ਹੈ ਅਤੇ ਵਾਇਰਸ ਦੀਆਂ ਔਮੀਕ੍ਰੋਨ ਅਤੇ ਮੂਲ SARS-CoV-2 ਕਿਸਮਾਂ ਵਿਰੁੱਧ ਸੁਰੱਖਿਆ ਪ੍ਰਦਾਨ ਕਰਦੀ ਹੈ।

ਜਿਨ੍ਹਾਂ ਅਲਬਰਟਾ ਵਾਸੀਆਂ ਨੇ ਮੁਢਲੀਆਂ ਸੀਰੀਜ਼ ਮੁਕੰਮਲ ਕੀਤੀਆਂ ਹਨ, ਉਹ ਬਾਇਵੇਲੰਟ ਵੈਕਸੀਨ ਲਈ ਯੋਗ ਹਨ। ਪਿਛਲੀ ਡੋਜ਼ ਤੋਂ ਬਾਦ ਜਾਂ ਪਹਿਲਾਂ ਹੋਈ ਇਨਫੈਕਸ਼ਨ ਤੋਂ ਬਾਦ ਘੱਟੋ ਘੱਟ ਪੰਜ ਮਹੀਨੇ ਦਾ ਵਕਫ਼ਾ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਤਿੰਨ ਮਹੀਨੇ ਦੇ ਛੋਟੇ ਵਕਫ਼ੇ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ (ਮਿਸਾਲ ਵਜੋਂ ਉਨ੍ਹਾਂ ਲਈ ਜਿਨ੍ਹਾਂ ਨੂੰ ਬਿਮਾਰੀ ਦੇ ਗੰਭੀਰ ਪ੍ਰਭਾਵਾਂ ਦਾ ਵੱਧ ਖਤਰਾ ਹੋਵੇ), ਪਰ ਡੋਜ਼ਾਂ ਵਿਚਾਲੇ ਲੰਬਾ ਵਕਫ਼ਾ ਕੋਵਿਡ-19 ਇਨਫੈਕਸ਼ਨ ਵਿਰੁੱਧ ਬਿਹਤਰ ਇਮਯੂਨ ਪ੍ਰਤੀਕਰਮ ਪੈਦਾ ਕਰਦਾ ਹੈ ਅਤੇ ਜਿਸਦੀ ਾ ਵੱਧ ਸਮਾਂ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ।

## ਵੈਕਸੀਨ ਯੋਗਤਾ

21 ਸਤੰਬਰ ਤੋਂ ਜਿਹੜੇ 18 ਸਾਲ ਜਾਂ ਵੱਧ ਉਮਰ ਦੇ ਅਲਬਰਟਾ ਨਿਵਾਸੀ ਬਾਇਵੇਲੰਟ ਵੈਕਸੀਨ ਲਈ ਯੋਗ ਹੋਣਗੇ, ਉਨ੍ਹਾਂ ਵਿਚ ਸ਼ਾਮਲ ਹੋਣਗੇ:

- ਉਹ ਲੋਕ ਜਿਨ੍ਹਾਂ ਨੇ ਕੋਈ ਵੀ ਪ੍ਰਾਇਮਰੀ ਸੀਰੀਜ਼ ਮੁਕੰਮਲ ਕਰ ਲਈ ਹੈ, ਜਿਸ ਵਿਚ ਐਸਟ੍ਰਾਜ਼ੈਨੇਕਾ, ਫਾਇਜ਼ਰ ਅਤੇ ਮੋਡਰਨਾ ਵੈਕਸੀਨਾਂ ਦਾ ਮਿਸ਼ਰਨ ਵੀ ਸ਼ਾਮਲ ਹੈ, ਅਤੇ ਪਿਛਲੀ ਡੋਜ਼ ਜਾਂ ਸਭ ਤੋਂ ਤਾਜ਼ਾ-ਤਰੀਨ ਇਨਫੈਕਸ਼ਨ ਨੂੰ ਘੱਟੋ ਘੱਟ ਪੰਜ ਮਹੀਨੇ ਹੋ ਗਏ ਹੋਣ।
- ਉਹ ਵਿਅਕਤੀ ਜਿਨ੍ਹਾਂ ਨੇ ਪਹਿਲਾਂ ਵੀ ਕੁੱਝ ਬੂਸਟਰ ਸ਼ੌਟ ਲਏ ਹੋਣ ਅਤੇ ਪਿਛਲੀ ਡੋਜ਼ ਜਾਂ ਪਿਛਲੀ ਇਨਫੈਕਸ਼ਨ ਨੂੰ ਘੱਟੋ ਘੱਟ ਪੰਜ ਮਹੀਨੇ ਹੋ ਗਏ ਹੋਣ।

12 ਤੋਂ 17 ਸਾਲ ਦੇ ਅਲਬਰਟਾ ਵਾਸੀਆਂ ਲਈ ਬਾਇਵੇਲੰਟ ਕੋਵਿਡ-19 ਵੈਕਸੀਨ ਸਤੰਬਰ ਦੇ ਅਖੀਰ/ਅਕਤੂਬਰ ਦੇ ਸ਼ੁ◌ੁਰੂ ਵਿਚ ਉਪਲਬਧ ਹੋਣ ਦੀ ਉਮੀਦ ਹੈ।

ਇਸ ਤੋਂ ਇਲਾਵਾ 3 ਅਕਤੂਬਰ ਨੂੰ ਸ਼ੁਰੂ ਹੋਣ ਵਾਲੇ ਹਫਤੇ ਤੋਂ ਬਾਇਵੇਲੰਟ ਬੂਸਟਰ ਸੀਨੀਅਰ ਕੇਅਰ ਅਦਾਰਿਆਂ ਵਿਚ ਇਨਫਲੂਏਂਜ਼ਾ ਵੈਕਸੀਨ ਦੇ ਨਾਲ ਦਿੱਤੀਆਂ ਜਾਣਗੀਆਂ◌ੇ।

# ਟੀਕਾਕਰਨ ਅਪਾਇੰਟਮੈਂਟ ਬੁੱਕ ਕਰਨੀ

ਵੈਕਸੀਨ ਪ੍ਰੋਗਰਾਮ ਵਿਚ ਸ਼ਾਮਲ ਫਾਰਮੇਸੀਆਂ ਅਤੇ ਕਮਿਊਨਿਟੀ ਮੈਡੀਕਲ ਕਲਿਨਿਕਾਂ, ਅਤੇ ਚੋਣਵੀਆਂ ਏਏਚਐਸ (AHS) ਸਾਈਟਾਂ ਤੇ ਉਪਲਬਧ ਹੋਵੇਗੀ। ਬੂਸਟਰ ਅਪੌਇੰਟਮੈਂਟਾਂ ਅਲਬਰਟਾ ਵੈਕਸੀਨ ਬੁਕਿੰਗ ਸਿਸਟਮ ਰਾਹੀਂ alberta.ca/vaccine 'ਤੇ ਜਾਂ ਹੈਲਥ ਲਿੰਕ ਨੂੰ 811 'ਤੇ ਕਾਲ ਕਰਕੇ ਬੁੱਕ ਕੀਤੀਆਂ ਜਾ ਸਕਦੀਆਂ ਹਨ। ਘੱਟੋ ਘੱਟ ਤਿੰਨ ਮਹੀਨੇ ਦੇ ਘੱਟ ਵਕਫ਼ੇ ਵਾਲੀਆਂ ਅਪਾਇੰਟਮੈਂਟਾਂ ਔਨਲਾਈਨ ਸਿਸਟਮ ਰਾਹੀਂ ਨਹੀਂ ਬੁੱਕ ਕੀਤੀਆਂ ਜਾ ਸਕਦੀਆਂ।

ਕੁਝ ਫਾਰਮੇਸੀਆਂ ਤੇ ਵਾਕ-ਇਨ ਰਾਹੀਂ ਵੀ ਵੈਕਸੀਨ ਲਈ ਜਾ ਸਕਦੀ ਹੈ। ਜੇ ਤੁਹਾਡੀ ਲੋਕਲ ਫਾਰਮੇਸੀ ਬੁਕਿੰਗ ਸਿਸਟਮ ਵਿਚ ਸ਼ਾਮਲ ਨਹੀਂ ਹੈ ਤਾਂ ਉਨ੍ਹਾਂ ਨਾਲ ਸਿੱਧਾ ਸੰਪਰਕ ਕਰੋ ਜਾਂ bluecross.ca ਤੇ ਜਾਓ ਅਤੇ ਆਪਣੇ ਨੇੜਲੀ ਫਾਰਮੇਸੀ ਲੱਭੋ।

ਜਿਹੜੇ ਵਿਅਕਤੀ ਫਸਟ ਨੇਸ਼ਨ ਰਿਜ਼ਰਵਾਂ ਤੇ ਰਹਿੰਦੇ ਹਨ, ਉਹ ਰਿਜ਼ਰਵਾਂ ਤੇ ਹੀ ਨਰਸਿੰਗ ਸਟੇਸ਼ਨਾਂ ਜਾਂ ਪਬਲਿਕ ਹੈਲਥ ਕਲਿਨਿਕਾਂ ਰਾਹੀਂ ਡੋਜ਼ਾਂ ਪ੍ਰਾਪਤ ਕਰ ਸਕਦੇ ਹਨ।

# ਸੰਬੰਧਿਤ ਜਾਣਕਾਰੀ

- ਕੋਵਿਡ-19 ਵੈਕਸੀਨਾਂ ਅਤੇ ਰਿਕਾਰਡਾਂ ਸੰਬੰਧੀ ਜਾਣਕਾਰੀ
- ਵੈਕਸੀਨ ਦੀ ਬੁਕਿੰਗ ਬਾਰੇ AHS ਜਾਣਕਾਰੀ